**Office of Deputy Commissioner Fazilka**

**ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁੱਟਕਲ ਸ਼ਾਖਾ)**

ਹੁਕਮ :-

ਸਰਕਾਰ ਵੱਲੋਂ ਆਮ ਜਨਤਾ ਨੂੰ ਮਹਾਂਮਾਰੀ ਤੋਂ ਬਚਾਉਣ ਲਈ ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਵੀ ਤਾਲਾ-ਬੰਦੀ ਅਤੇ ਕਰਫਿਊ ਮਿਤੀ 14-04-2020 ਤੱਕ ਵਧਾਇਆ ਗਿਆ ਹੈ ਤਾਂ ਜੋ ਆਮ ਜਨਤਾ ਨੂੰ ਇਸ ਮਹਾਂਮਾਰੀ ਤੋਂ ਬਚਾਇਆ ਜਾ ਸਕੇ। ਜ਼ਿਲ੍ਹਾ ਫਾਜ਼ਿਲਕਾ ਵਿਚ ਹਾੜੀ ਦੇ ਸੀਜ਼ਨ ਦੌਰਾਨ ਖੇਤੀਬਾੜੀ ਦੇ ਕੰਮਾਂ ਲਈ ਹੇਠ ਲਿਖੇ ਅਨੁਸਾਰ ਛੋਟ ਦਿੱਤੀ ਜਾਂਦੀ ਹੈ :-

| ਲੜੀ ਨੰ. | ਖੇਤੀਬਾੜੀ ਦੇ ਕੰਮਾਂ ਦੇ ਵੇਰਵੇ | ਛੋਟ ਦੇ ਵੇਰਵੇ | ਜ਼ਰੂਰੀ ਹਦਾਇਤਾਂ |
|---|---|---|---|
| 1 | ਕਿਸਾਨਾਂ ਵੱਲੋਂ ਕਣਕ ਦੀ ਫਸਲ ਦੀ ਕਟਾਈ ਅਤੇ ਵੱਖ-2 ਖੇਤੀ ਕਾਰਜਾਂ ਲਈ ਖੇਤ-ਮਜ਼ਦੂਰਾਂ ਸਮੇਤ ਖੇਤਾਂ ਵਿਚ ਆਉਣ-ਜਾਣ ਲਈ | ਖੇਤ ਵਿਚ ਜਾਣ ਦਾ ਸਮਾਂ ਸਵੇਰੇ 06:00 ਵਜੇ ਤੋਂ ਸਵੇਰੇ 09:00 ਵਜੇ ਤੱਕ<br>ਖੇਤ ਤੋਂ ਵਾਪਿਸ ਆਉਣ ਦਾ ਸਮਾਂ ਸ਼ਾਮ 07:00 ਵਜੇ ਤੋਂ ਰਾਤ 08:00 ਵਜੇ ਤੱਕ | ਕਿਸਾਨ ਸਵੇਰੇ 09:00 ਵਜੇ ਤੋਂ ਸ਼ਾਮ 07:00 ਵਜੇ ਤੱਕ ਆਪਣੇ ਖੇਤਾਂ ਵਿਚ ਹੀ ਰਹਿਣਗੇ ਅਤੇ ਆਪਣੀ ਖੇਤੀ ਨਾਲ ਸਬੰਧਤ ਕਾਰਜ ਕਰਨਗੇ। ਜਿਨ੍ਹਾਂ ਕਿਸਾਨਾਂ ਦੀ ਨਹਿਰੀ ਪਾਣੀ ਦੀ ਵਾਰੀ ਹੋਵੇਗੀ,ਉਨ੍ਹਾਂ ਨੂੰ ਆਪਣੇ ਖੇਤਾਂ ਵਿਚ ਪਾਣੀ ਲਾਉਣ ਸਬੰਧੀ ਕੋਈ ਰੁਕਾਵਟ ਨਹੀਂ ਹੋਵੇਗੀ, ਪਰ ਉਹ ਵੀ ਆਪਣੇ ਖੇਤ ਆਉਣ-ਜਾਣ ਵਾਸਤੇ ਦਿੱਤੇ ਸਮੇਂ ਮੁਤਾਬਕ ਪਾਬੰਦ ਹੋਣਗੇ। |
| 2 | ਕਿਸਾਨਾਂ ਵੱਲੋਂ ਫਸਲ ਦੀ ਕਟਾਈ, ਬਿਜਾਈ ਅਤੇ ਢੋਆ-ਢੁਆਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ (ਜਿਵੇਂ ਕਿ ਟਰੈਕਟਰ-ਟਰਾਲੀ, ਕੰਬਾਇਨ, ਆਦਿ) ਦੀ ਆਵਾਜਾਈ | ਮੁਕੰਮਲ ਤੌਰ ਤੇ ਛੋਟ ਹੋਵੇਗੀ, ਪ੍ਰੰਤੂ ਕੰਬਾਇਨ ਦੇ ਖੇਤਾਂ ਵਿਚ ਚੱਲਣ ਦਾ ਟਾਇਮ ਸਵੇਰੇ 06:00 ਵਜੇ ਤੋਂ ਸ਼ਾਮ 07:00 ਵਜੇ ਤੱਕ ਦਾ ਹੀ ਹੋਵੇਗਾ। | ਸਬੰਧਤ ਮਸ਼ੀਨਰੀ ਤੇ 4 ਤੋਂ ਵੱਧ ਵਿਅਕਤੀ ਮੌਜਦੂ ਨਹੀਂ ਹੋਣੇ ਚਾਹੀਦੇ ਅਤੇ ਆਪਸੀ ਸਮਾਜਿਕ ਦੂਰੀ ਇੱਕ ਮੀਟਰ ਦੀ ਬਣਾ ਕੇ ਰੱਖਣਗੇ। |
| 3 | ਖੇਤੀਬਾੜੀ ਮਸ਼ੀਨਰੀ ਦੀ ਰਿਪੇਅਰ ਅਤੇ ਸਪੇਅਰ ਪਾਰਟਸ ਆਦਿ ਨਾਲ ਸਬੰਧਤ ਦੁਕਾਨਾਂ | ਸਵੇਰੇ 10:00 ਵਜੇ ਤੋਂ ਸ਼ਾਮ 05:00 ਵਜੇ ਤੱਕ | ਸਬੰਧਤ ਜਿਮੀਦਾਰ ਆਪਣੇ ਮਕੈਨਿਕ/ ਸਪੇਅਰ ਪਾਰਟਸ ਦੁਕਾਨਦਾਰ ਨਾਲ ਰਾਬਤਾ ਕਾਇਮ ਕਰਕੇ, ਖੇਤੀਬਾੜੀ ਮਸ਼ੀਨਰੀ ਦੀ ਮੁਰੰਮਤ ਕਰਵਾਉਣਗੇ ਅਤੇ ਦੁਕਾਨਦਾਰ ਵੀ ਲੋੜ ਅਨੁਸਾਰ ਆਪਣੀ ਦੁਕਾਨ ਖੋਲਣਗੇ। |
| 4 | ਬੀਜ਼, ਖਾਦ ਅਤੇ ਕੀਟਨਾਸ਼ਕ ਦਵਾਈਆਂ ਵਾਲੀਆਂ ਦੁਕਾਨਾਂ | ਸਵੇਰੇ 10:00 ਵਜੇ ਤੋਂ ਸ਼ਾਮ 06:00 ਵਜੇ ਤੱਕ | ਗ੍ਰਾਹਕਾਂ ਨੂੰ ਸਪਲਾਈ ਲਈ ਹਰੇਕ ਦੁਕਾਨਦਾਰ ਵੱਲੋਂ Home Delivery ਹੀ ਕੀਤੀ ਜਾਵੇਗੀ। |
| 5 | ਤੂੜੀ ਵਾਲੀ ਮਸ਼ੀਨ (ਸਟਰਾਅ ਰੀਪਰ) ਚਲਾਉਣ ਸਬੰਧੀ | ਤੂੜੀ ਬਨਾਉਣ ਲਈ ਰੀਪਰ ਇੱਕ ਮਈ ਤੋਂ ਚਲਾਏ ਜਾਣ ਤਾਂ ਜੋ ਕਣਕ ਦੀ ਫਸਲ ਦੇ ਨਾੜ ਨੂੰ ਅੱਗ ਲਗਾਉਣ ਤੋਂ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਕੋਈ ਵੀ ਜਿੰਮੀਦਾਰ ਕਣਕ ਦੇ ਨਾੜ ਨੂੰ ਅੱਗ ਨਹੀ ਲਗਾਏਗਾ। | ਇਸ ਕੰਮ ਸਮੇਂ ਮੌਜੂਦ ਵਿਅਕਤੀ ਆਪਸ ਵਿਚ ਸਮਾਜਿਕ ਦੂਰੀ ਇੱਕ ਮੀਟਰ ਦੀ ਬਣਾ ਕੇ ਰੱਖਣਗੇ। |

Office of the Distt. Magistrate FAZILKA

Scanned by CamScanner

# Office of Deputy Commissioner Fazilka

## ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ

### (ਫੁੱਟਕਲ ਸ਼ਾਖਾ)

| | | | |
|---|---|---|---|
| 6 | ਪ੍ਰਿੰਟਿੰਗ ਪ੍ਰੈਸ ਖੋਲਣ ਸੰਬੰਧੀ | ਕਿਉ ਜੋ ਫਾਜ਼ਿਲਕਾ ਜ਼ਿਲ੍ਹੇ ਵਿਚ ਹਾੜੀ ਦੇ ਸੀਜਨ ਦੌਰਾਨ ਜਿੰਮੀਦਾਰਾਂ ਵੱਲੋਂ ਹਾੜੀ ਦੀ ਫਸਲ ਆੜਤੀਆਂ ਨੂੰ ਦਿੱਤੀ ਜਾਵੇਗੀ, ਉਸ ਸਬੰਧੀ ਫਾਰਮ ਜੇ. ਆੜਤੀਆਂ ਵੱਲੋਂ ਜਿੰਮੀਦਾਰਾਂ ਨੂੰ ਸਪਲਾਈ ਕੀਤੇ ਜਾਣੇ ਹਨ। ਜਿਨ੍ਹਾਂ ਦੀ ਪ੍ਰਿੰਟਿੰਗ ਕਰਵਾਈ ਜਾਣੀ ਜਰੂਰੀ ਹੈ। ਇਸ ਮੰਤਵ ਲਈ ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਪ੍ਰਿੰਟਿੰਗ ਪ੍ਰੈਸਾਂ ਨੂੰ ਵਿਸ਼ੇਸ਼ ਤੌਰ ਤੇ ਖੇਤੀਬਾੜੀ ਦੇ ਕੰਮਾਂ ਵਾਸਤੇ ਖੋਲਣ ਲਈ ਅਗਲੇ ਹੁਕਮਾਂ ਤੱਕ ਸਮ੍ਹਾਂ ਸਵੇਰੇ 10:00 ਵਜੇ ਤੋਂ ਸ਼ਾਮ 07-00 ਵਜੇ ਤੱਕ ਦੀ ਢਿੱਲ ਦਿੱਤੀ ਜਾਂਦੀ ਹੈ। | ਪ੍ਰਿੰਟਿੰਗ ਪ੍ਰੈਸ ਦੇ ਮਾਲਕਾਨ ਇਹ ਯਕੀਨੀ ਬਨਾਉਣਗੇ ਕਿ ਉਹ ਆਪਣੀ ਪ੍ਰਿੰਟਿੰਗ ਪ੍ਰੈਸ ਤੇ ਤਿੰਨ ਵਿਅਕਤੀਆ ਤੋਂ ਵੱਧ ਨਹੀਂ ਰੱਖਣਗੇ ਅਤੇ ਆਪਸ ਵਿਚ ਸਮਾਜਿਕ ਦੂਰੀ ਇੱਕ ਮੀਟਰ ਦੀ ਬਣਾਈ ਰੱਖਣਗੇ। ਪ੍ਰਿੰਟਿੰਗ ਪ੍ਰੈਸ ਵਿਚ ਕੰਮ ਕਰਨ ਵਾਲੇ ਸਾਰੇ ਵਿਅਕਤੀ ਆਪਣੇ ਮੂੰਹ ਤੇ ਮਾਸਕ ਪਾਉਣਗੇ ਅਤੇ ਸੈਨੇਟਾਈਜ਼ਰ ਦੀ ਵਰਤੋਂ ਕਰਨੀ ਯਕੀਨੀ ਬਨਾਉਣਗੇ। |

ਸਮੂਹ ਕਿਸਾਨਾਂ/ਖੇਤ ਮਜਦੂਰਾਂ ਵੱਲੋਂ ਜੇਕਰ ਖੇਤਾਂ ਵਿਚ ਹੱਥੀ ਕਟਾਈ/ਬਿਜਾਈ ਆਦਿ ਦਾ ਕੋਈ ਕੰਮ ਕੀਤਾ ਜਾਵੇਗਾ ਤਾਂ ਉਸ ਸਮੇਂ 10 ਤੋਂ ਵੱਧ ਵਿਅਕਤੀ ਮੌਜੂਦ ਨਹੀਂ ਹੋਣਗੇ । ਮੂੰਹ ਤੇ ਮਾਸਕ ਪਾਉਣਗੇ, ਹੱਥਾਂ ਦੀ ਸਾਫ-ਸਫਾਈ ਰੱਖਣਗੇ, ਸੈਨੇਟਾਈਜ਼ਰ ਦੀ ਵਰਤੋਂ ਕਰਨਗੇ ਅਤੇ ਆਪਸ ਵਿਚ ਸਮਾਜਿਕ ਦੂਰੀ ਇੱਕ ਮੀਟਰ ਦੀ ਬਣਾ ਕੇ ਰੱਖਣਗੇ। ਇਸ ਤੋਂ ਇਲਾਵਾ ਕੋਵਿਡ-19 ਅਧੀਨ ਸਰਕਾਰ ਵੱਲੋਂ ਅਤੇ ਨਿਮਨ ਹਸਤਾਖਰ ਵੱਲੋਂ ਸਮੇਂ-2 ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਨਾਉਣਗੇ।

ਉਪਰੋਕਤ ਦਰਸਾਏ ਖੇਤੀਬਾੜੀ ਦੇ ਕੰਮਾਂ ਲਈ ਸਬੰਧਤਾਂ ਨੂੰ ਕਰਫਿਊ/ਤਾਲਾ-ਬੰਦੀ ਦੌਰਾਨ ਲੋੜ ਅਨੁਸਾਰ ਪਾਸ ਜਾਰੀ ਕਰਨ ਦੇ ਅਧਿਕਾਰ ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਨੂੰ ਦਿੱਤੇ ਜਾਂਦੇ ਹਨ, ਅਗਰ ਇਸ ਮੰਤਵ ਲਈ ਗਲਤ ਪਾਸ ਜਾਰੀ ਕੀਤਾ ਜਾਂਦਾ ਹੈ ਤਾਂ ਸਬੰਧਤ ਦੇ ਖਿਲਾਫ ਅਨੁਸ਼ਾਸ਼ਨੀ ਕਾਰਵਾਈ ਅਮਲ ਵਿਚ ਲਿਆਉਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਗਲਤ ਜਾਰੀ ਕੀਤੇ ਗਏ ਪਾਸ ਨੂੰ ਰੱਦ ਕਰਨ ਦਾ ਅਧਿਕਾਰ ਨਿਮਨ ਹਸਤਾਖਰ ਪਾਸ ਹੋਵੇਗਾ।

ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ, ਮੁੱਖ ਖੇਤੀਬਾੜੀ ਅਫ਼ਸਰ, ਫਾਜ਼ਿਲਕਾ ਅਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਫਾਜ਼ਿਲਕਾ ਉਕਤ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਵਾਉਣਾ ਯਕੀਨੀ ਬਨਾਉਣਗੇ।

**ਇਹ ਹੁਕਮ ਅੱਜ ਮਿਤੀ 07-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।**

Office of the Distt. Magistrate FAZILKA

**ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.**
**ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।**

ਪਿੱਠ ਅੰਕਣ ਨੰ. 7308-23 /ਐਮ.ਸੀ-3/ਐਮ.ਏ/ਮਿਤੀ 07-04-2020

ਇਸ ਦਾ ਇੱਕ ਉਤਾਰਾ

1. ਮੁੱਖ ਸਕੱਤਰ, ਪੰਜਾਬ ਸਰਕਾਰ , ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,ਸਿਹਤ ਅਤੇ ਪਰਿਵਾਰ, ਵਿਭਾਗ ਪੰਜਾਬ ਚੰਡੀਗੜ੍ਹ।
3. ਵਧੀਕ ਮੁੱਖ ਸਕੱਤਰ, ਖੇਤੀਬਾੜੀ ਪੰਜਾਬ ਚੰਡੀਗੜ੍ਹ।
4. ਪ੍ਰਮੁੱਖ ਸਕੱਤਰ,ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ,ਪੰਜਾਬ ਚੰਡੀਗੜ੍ਹ।
5. ਕਮਿਸ਼ਨਰ, ਫਿਰੋਜ਼ਪੁਰ ਮੰਡਲ ਫਿਰੋਜ਼ਪੁਰ।
6. ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ।

Scanned by CamScanner

**Office of Deputy Commissioner Fazilka**

**ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁੱਟਕਲ ਸ਼ਾਖਾ)**

7 ਵਧੀਕ ਡਿਪਟੀ ਕਮਿਸ਼ਨਰ (ਜਨ)/(ਵਿਕਾਸ) ਫਾਜ਼ਿਲਕਾ।

8 ਮੁੱਖ ਖੇਤੀਬਾੜੀ, ਅਫ਼ਸਰ ਫਾਜ਼ਿਲਕਾ

9 ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸ਼ਰ, ਫਾਜ਼ਿਲਕਾ

10 ਜ਼ਿਲ੍ਹਾ ਮੰਡੀ ਅਫ਼ਸਰ ਫਾਜ਼ਿਲਕਾ

11 ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜ਼ਿਲਕਾ।

12 ਡੀ.ਆਈ.ਓ.ਐਨ.ਆਈ.ਸੀ. ਫਾਜ਼ਿਲਕਾ

13 ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned by CamScanner